ਆਰ.ਬੀ.ਆਈ/2006-2007/171

ਹਵਾਲਾ ਨੰ: ਡੀ.ਜੀ.ਬੀ.ਏ. ਨੰ: ਐਚ. 7667/15.15.001/2006-07

10 ਨਵੰਬਰ, 2006

19 ਕੱਤਕ, 1928(ਸ਼ਕ)

ਮਹਾਂਪ੍ਰਬੰਧਕ

ਸਰਕਾਰੀ ਲੇਖਾ ਵਿਭਾਗ, ਮੁੱਖ ਦਫ਼ਤਰ

ਭਾਰਤੀ ਸਟੇਟ ਬੈਂਕ/ਸਟੇਟ ਬੈਂਕ ਆਫ਼ ਇੰਦੌਰ/ਸਟੇਟ ਬੈਂਕ ਆਫ਼ ਪਟਿਆਲਾ/ਸਟੇਟ ਬੈਂਕ ਆਫ ਬੀਕਾਨੇਰ ਅਤੇ ਜੈਪੁਰ/ਸਟੇਟ ਬੈਂਕ ਆਫ ਸ਼ੌਰਾਸ਼ਟਰ/ਸਟੇਟ ਬੈਂਕ ਆਫ ਤ੍ਰਿਵਣਕੋਰ/ਸਟੇਟ ਬੈਂਕ ਆਫ ਹੈਦਰਾਬਾਦ/ ਸਟੇਟ ਬੈਂਕ ਆਫ ਮੈਸੂਰ/ਇਲਾਹਾਬਾਦ ਬੈਂਕ/ ਬੈਂਕ ਆਫ਼ ਬੜੌਦਾ/ ਬੈਂਕ ਆਫ਼ ਇੰਡੀਆ/ ਬੈਂਕ ਆਫ਼ ਮਹਾਰਾਸ਼ਟਰ/ਕੇਨਰਾ ਬੈਂਕ/ਸੈਂਟਰਲ ਬੈਂਕ ਆਫ਼ ਇੰਡੀਆ/ਕਾਰਪੋਰੇਸ਼ਨ ਬੈਂਕ/ਦੇਨਾ ਬੈਂਕ/ਇੰਡੀਅਨ ਬੈਂਕ/ ਇੰਡੀਅਨ ਓਵਰਸੀਜ਼ ਬੈਂਕ/ਪੰਜਾਬ ਨੈਸ਼ਨਲ ਬੈਂਕ/ਸਿੰਡੀਕੇਟ ਬੈਂਕ/ਯੂ.ਕੋ. ਬੈਂਕ/ਯੂਨੀਅਨ ਬੈਂਕ ਆਫ਼ ਇੰਡੀਆ/ਯੂਨਾਇਟਡ ਬੈਂਕ ਆਫ਼ ਇੰਡੀਆ/ ਆਈਸੀਆਈਸੀ.ਆਈ ਬੈਂਕ ਲਿਮ./ਵਿਜਯਾ ਬੈਂਕ

ਸ਼੍ਰੀਮਾਨ ਜੀ,

ਸੀਨੀਅਰ ਨਾਗਰਿਕ ਬਚਤ ਯੋਜਨਾ, 2004 ਦੇ ਅੰਤਰਗਤ ਦੇਣਯੋਗ ਵਿਆਜ ਤੇ ਟੀਡੀਐਸ -ਬੈਂਕਾਂ ਵਲੋਂ ਫ਼ਾਰਮ ਨੰ: 15 ਐਚ ਅਤੇ 15 ਜੀ ਨੂੰ ਸਵੀਕਾਰ ਨਾ ਕਰਨਾ

ਕਿਰਪਾ ਕਰਕੇ ਮਿਤੀ 28 ਜੂਨ, 2006 ਦਾ ਸਾਡਾ ਅਧਿਸੂਚਨਾ ਪੱਤਰ ਹਵਾਲਾ ਨੰ: ਡੀ.ਜੀ.ਬੀ.ਏ. ਨੰ: ਐਚ. 20692/15.15.001/2005-06 ਦੇਖੋ ਜਿਸ ਨਾਲ ਸੀਨੀਅਰ ਨਾਗਰਿਕ ਬਚਤ ਯੋਜਨਾ, 2004 ਤੇ ਟੀਡੀਐਸ ਨਾਲ ਸਬੰਧਿਤ ਮਾਮਲਿਆਂ ਤੇ ਕੁਝ ਸਪੱਸ਼ਟੀਕਰਨ ਭੇਜੇ ਗਏ ਸਨ।

2. ਸਾਨੂੰ ਭਾਰਤ ਸਰਕਾਰ, ਵਿੱਤ ਮੰਤਰਾਲਿਆ, ਨਵੀਂ ਦਿੱਲੀ ਤੋਂ ਪੱਤਰ ਪ੍ਰਾਪਤ ਹੋਇਆ ਹੈ ਜਿਸ ਵਿਚ ਦਸਿਆ ਗਿਆ ਹੈ ਕਿ ਉਨ੍ਹਾਂ ਨੂੰ ਏਜੰਸੀ ਬੈਂਕਾਂ ਵਲੋਂ ਫ਼ਾਰਮ ਨੰ: 15 ਐਚ. ਅਤੇ 15 ਜੀ. ਨੂੰ ਸਵੀਕਾਰ ਨਾ ਕਰਨ ਸਬੰਧੀ ਕਾਫ਼ੀ ਗਿਣਤੀ ਵਿਚ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਅਤੇ ਜਮ੍ਹਾਂਕਰਤਾ ਵਲੋਂ ਇਨ੍ਹਾਂ ਫ਼ਾਰਮਾਂ ਨੂੰ ਫ਼ਾਈਲ ਜਾਂ ਪੇਸ਼ ਕੀਤੇ ਜਾਣ/ਕੀਤੇ ਨਾ ਜਾਣ ਦੇ ਬਾਵਜੂਦ ਵਿਆਜ ਰਾਸ਼ੀ ਤੋਂ ਕਟੌਤੀ ਕੀਤੀ ਜਾ ਰਹੀ ਹੈ।

3. ਇਸ ਲਈ ਅਸੀਂ ਮੁੜ ਲਿਖਦੇ ਹਾਂ ਕਿ ਮਿਤੀ 23 ਜੂਨ, 2006 ਦੇ ਭਾਰਤ ਸਰਕਾਰ ਦਫ਼ਤਰ ਯਾਦ ਪੱਤਰ ਨੰ: 2/8/2005 ਐਨਐਸ ' ਜਿਸ ਦੀ ਇਕ ਕਾਪੀ ਆਪ ਨੂੰ ਭੇਜੀ ਜਾ ਚੁਕੀ ਹੈ, ਵਿਚ ਨਿਸ਼ਚਿਤ ਕੀਤੇ ਅਨੁਸਾਰ ਜਿਵੇਂ ਵੀ ਮਾਮਲਾ ਹੋਵੇ, ਜਮ੍ਹਾਂਕਰਤਾ ਵਲੋਂ ਫ਼ਾਰਮ ਨੰ: 15 ਐਚ. ਜਾਂ 15 ਜੀ. ਜਾਂ ਆਮਦਨ ਕਰ ਅਧਿਨਿਯਮ, 1961, ਦੀ ਧਾਰਾ 197(1) ਦੇ ਅੰਤਰਗਤ ਪ੍ਰਮਾਣ-ਪੱਤਰ ਫ਼ਾਈਲ ਕੀਤੇ ਜਾਣ ਤੇ ਏਜੰਸੀ ਬੈਂਕਾਂ ਵਲੋਂ ਉਸੀ ਸਮੇਂ ਕਟੌਤੀ ਨਹੀਂ ਕਰਨੀ ਚਾਹੀਦੀ।

4. ਇਸ ਅਧਿਸੂਚਨਾ ਦੀ ਵਿਸ਼ਾ-ਵਸਤੂ ਨੂੰ ਆਪ ਦੇ ਬੈਂਕ ਦੀਆਂ ਸਾਰੀਆਂ ਸਬੰਧਤ ਸ਼ਾਖਾਵਾਂ ਦੀ ਜਾਣਕਾਰੀ ਅਤੇ ਅਨੁਪਾਲਣ ਦੇ ਲਈ ਧਿਆਨ ਵਿਚ ਲਿਆਓ।

4. ਕਿਰਪਾ ਕਰਕੇ ਪ੍ਰਾਪਤੀ ਸੂਚਨਾ ਦਿਉ।

*ਹਿਤੂ,*

*(ਬੀ. ਕੇ. ਮਿਸ਼ਰਾ),*

*ਮੁੱਖ ਮਹਾਂਪ੍ਰਬੰਧਕ*